# TRAFFIC AWARENESS CAMP ORGANIZED BY NCC CADET (GIRLS)

ਰੋਜ਼ਾਨਾ ਚੜ੍ਹਦੀਕਲਾ, ਪਟਿਆਲਾ (ਬੁੱਧਵਾਰ, 15 ਫਰਵਰੀ 2017)

# ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਲਈ ਕੀਤਾ ਜਾਗਰੂਕ

## -ਮਾਨਤਾ ਪ੍ਰਾਪਤ ਕੰਪਨੀ ਦੇ ਹੈਲਮਟ ਦੀ ਵਰਤੋਂ ਜ਼ਰੂਰੀ : ਇੰਸਪੈਕਟਰ ਕਰਨੈਲ ਸਿੰਘ



ਪਟਿਆਲਾ, 14 ਫਰਵਰੀ (ਚ.ਨ.ਸ.): ਐਸ.ਐਸ.ਪੀ. ਪਟਿਆਲਾ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਬਲਰਾਜ ਸਿੰਘ ਐਸ.ਪੀ. ਟ੍ਰੈਫਿਕ ਪਟਿਆਲਾ ਦੀ ਯੋਗ ਅਗਵਾਈ ਹੇਠ ਇੰਚਾਰਜ ਟ੍ਰੈਫਿਕ ਪੁਲਿਸ ਜ਼ਿਲ੍ਹਾ ਪਟਿਆਲਾ ਦੇ ਇੰਸਪੈਕਟਰ ਕਰਨੈਲ ਸਿੰਘ ਦੀ ਨਿਗਰਾਨੀ ਹੇਠ ਸ਼ਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿਮ ਦੇ ਆਖਰੀ ਦਿਨ ਲੀਲਾ ਭਵਨ ਚੌਂਕ ਵਿਖੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਸਟੇਟ ਅਵਾਰਡੀ ਏ.ਐਸ.ਆਈ.ਗੁਰਜਾਪ ਸਿੰਘ ਅਤੇ ਹੌਲਦਾਰ ਅਮਰਜੀਤ ਸਿੰਘ ਨੇ ਸਪੀਕਰ ਰਾਹੀਂ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਅਤੇ ਮਾਨਯੋਗ ਸੁਪਰੀਮ ਕੋਰਟ ਦੇ ਆਏ ਹੁਕਮਾਂ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ। ਮੋਦੀ ਕਾਲਜ ਦੇ ਪ੍ਰੋਫੈਸਰ ਪੂਨਮ ਸ਼ਰਮਾ ਦੀ ਅਗਵਾਈ ਵਿੱਚ ਐਨ.ਸੀ.ਸੀ. ਦੇ ਕੈਡਿਟਾਂ ਨੇ ਟ੍ਰੈਫਿਕ ਪੁਲਿਸ ਦੇ ਸਹਿਯੋਗ ਨਾਲ ਪੁਰਸ਼ਾਂ ਅਤੇ ਮਹਿਲਾਵਾਂ ਨੂੰ ਨਕਾਬ ਪੋਸ਼ ਪਹਿਨ ਕੇ ਵਹੀਕਲ ਨਾ ਚਲਾਉਣ ਬਾਰੇ ਜਾਗਰੂਕ ਕੀਤਾ ਅਤੇ ਆਈ.ਐਸ.ਆਈ. ਮਾਰਕੇ ਦਾ ਹੈਲਮਟ ਹੀ ਪਹਿਨਣ ਬਾਰੇ ਕਿਹਾ। ਇਸ ਮੌਕੇ ਪਰ ਇੰਸਪੈਕਟਰ ਕਰਨੈਲ ਸਿੰਘ ਨੇ ਆਮ ਪਬਲਿਕ ਨੂੰ ਸਮਝਾਉਂਦੇ ਹੋਏ ਉਦਾਹਰਣ ਦਿੱਤੀ ਕਿ ਜਦੋਂ ਬਜ਼ਾਰ ਵਿੱਚੋਂ ਕੋਈ ਗਹਿਣਾ ਜਾਂ ਕੁੱਝ ਹੋਰ ਕੀਮਤੀ ਵਸਤੂ ਖਰੀਦ ਦੇ ਹਾਂ ਤਾਂ ਆਈ.ਐਸ.ਆਈ. ਦਾ (ਹੋਲਮਾਰਕਾ) ਚੈੱਕ ਕਰਦੇ ਹਾਂ, ਇਸੇ ਪ੍ਰਕਾਰ ਹੈਲਮਟ ਖਰੀਦਣ ਸਮੇਂ ਵੀ ਆਈ.ਐਸ.ਆਈ. ਮਾਰਕਾ ਚੈੱਕ ਕਰਕੇ ਹੈਲਮਟ ਖਰੀਦੋ। ਦੋ ਪਹੀਆ ਵਾਹਨ ਚਲਾਉਂਦੇਂ ਸਮੇਂ ਤਿੰਨ ਸਵਾਰੀ ਨਾ ਬੈਠੋ, ਚਾਰ ਪਹੀਆ ਵਾਹਨ ਚਲਾਉਂਦੇਂ ਸਮੇਂ ਸੀਟ ਬੈਲਟ ਦੀ ਵਰਤੋਂ ਕਰੋ, ਕਾਲੀ ਫਿਲਮ ਜਾਂ ਪਰਦਿਆ ਦੀ ਵਰਤੋ ਨਾ ਕਰੋ, ਵਾਹਨ ਚਲਾਉਂਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰਨ ਬਾਰੇ ਕਿਹਾ। ਥ੍ਰੀ-ਵਹੀਲਰ/ਆਟੋ ਚਾਲਕਾਂ ਨੂੰ ਸਖਤ ਚਿਤਾਵਨੀ ਦਿੱਤੀ ਗਈ ਕਿ ਉਹ ਆਪਣੇ ਥ੍ਰੀ-ਵਹੀਲਰ/ਆਟੋ ਦੇ ਜਰੂਰੀ ਕਾਗਜਾਤ ਆਪਣੇ ਕੋਲ ਪੂਰੇ ਰੱਖਣ ਅਤੇ ਟ੍ਰੈਫਿਕ ਨਿਯਮਾਂ ਦੀ ਪੂਰੀ ਸਾਵਧਾਨੀ ਨਾਲ ਪਾਲਣਾ ਕਰਨ, ਟ੍ਰੈਫਿਕ ਨਿਯਮਾਂ ਦੀ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਸਮੇਂ ਏ.ਐਸ.ਆਈ. ਕ੍ਰਿਸ਼ਨ ਕੁਮਾਰ, ਹੌਲਦਾਰ ਪ੍ਰੇਮ ਸਿੰਘ, ਧਰਮਪਾਲ, ਦਰਸ਼ਨ ਸਿੰਘ ਤੋਂ ਇਲਾਵਾ ਹੋਰ ਸਟਾਫ ਨੇ ਵੀ ਸ਼ਹਿਰ ਪਟਿਆਲਾ ਦੇ ਵੱਖ-ਵੱਖ ਚੌਂਕਾਂ ਵਿੱਚ ਵਹੀਕਲ ਚਾਲਕਾਂ ਨੂੰ ਰੋਕ ਕੇ ਇਸ ਸ਼ਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿੰਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇੰਸਪੈਕਟਰ ਕਰਨੈਲ ਸਿੰਘ ਨੇ ਦੱਸਿਆ ਕਿ ਸ਼ਹਿਰ ਵਿੱਚ ਕਿਸੇ ਵੀ ਪ੍ਰਕਾਰ ਦੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ, ਉਨ੍ਹਾਂ ਕਿਹਾ ਕਿ ਖਾਸ ਤੌਰ ਤੇ ਬੁੱਲਟ ਮੋਟਰ ਸਾਈਕਲਾਂ ਨਾਲ ਪਟਾਕੇ ਮਾਰਨ ਵਾਲਿਆ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸਦੇ ਨਾਲ ਆਮ ਪਬਲਿਕ ਨੂੰ ਟ੍ਰੈਫਿਕ ਜਾਮ ਨੂੰ ਦੂਰ ਕਰਨ ਲਈ ਅਪੀਲ ਕੀਤੀ ਕਿ ਟ੍ਰੈਫਿਕ ਪੁਲਿਸ ਨੂੰ ਸਹਿਯੋਗ ਅਤੇ ਆਪਣੇ ਵਾਹਨ ਨੂੰ ਹਮੇਸ਼ਾ ਪਾਰਕਿੰਗ ਵਿੱਚ ਹੀ ਲਗਾਇਆ ਜਾਵੇ। ਇਸ ਸ਼ਪੈਸ਼ਲ ਟ੍ਰੈਫਿਕ ਜਾਗਰੂਕਤਾ ਮਹਿਮ ਦੇ ਆਖਰੀ ਦਿਨ ਲਾਹੌਰੀ ਗੇਟ, ਨਾਮ ਦਾਨ ਖਾਨ ਰੋਡ, ਕਿਲਾ ਚੌਂਕ, ਅਦਾਲਤ ਬਜ਼ਾਰ, ਅਨਾਰਦਾਨਾ ਚੌਂਕ, ਏ.ਸੀ. ਮਾਰਕੀਟ, ਚਾਂਦਨੀ ਚੌਂਕ, ਲੋਅਰ ਮਾਲ ਰੋਡ, ਫੁਹਾਰਾ ਚੌਂਕ, ਤ੍ਰਿਪੜੀ ਬਜ਼ਾਰ ਅਤੇ ਗੁਰਬਖਸ਼ ਕਲੋਨੀ ਵਿੱਚ ਵੀ ਸਪੀਕਰ ਰਾਹੀਂ ਵੀ ਦੁਕਾਨਦਾਰਾਂ ਅਤੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਗਿਆ।

ਸੱਚ ਕਹੂੰ ਸਰਸਾ, ਬੁੱਧਵਾਰ, 15 ਫਰਵਰੀ 2017

# ਪੁਲਿਸ ਦੇ ਸਹਿਯੋਗ ਨਾਲ ਚਲਾਈ ਟ੍ਰੈਫਿਕ ਜਾਗਰੂਕਤਾ ਮੁਹਿੰਮ

ਖੁਸ਼ਵੀਰ ਸਿੰਘ ਤੂਰ
ਪਟਿਆਲਾ, 14 ਫਰਵਰੀ।

ਬਲਰਾਜ ਸਿੰਘ ਐੱਸ.ਪੀ. ਟ੍ਰੈਫਿਕ ਪਟਿਆਲਾ ਦੀ ਯੋਗ ਅਗਵਾਈ ਹੇਠ ਇੰਚਾਰਜ਼ ਟ੍ਰੈਫਿਕ ਪੁਲਿਸ ਜ਼ਿਲ੍ਹਾ ਪਟਿਆਲਾ ਦੇ ਇੰਸਪੈਕਟਰ ਕਰਨੈਲ ਸਿੰਘ ਦੀ ਨਿਗਰਾਨੀ ਹੇਠ ਸਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿਮ ਦੇ ਆਖਰੀ ਦਿਨ ਲੀਲਾ ਭਵਨ ਚੌਕ ਵਿਖੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ਼ ਸਟੇਟ ਅਵਾਰਡੀ ਏ.ਐਸ.ਆਈ.ਗੁਰਜਾਪ ਸਿੰਘ ਅਤੇ ਹੌਲਦਾਰ ਅਮਰਜੀਤ ਸਿੰਘ ਨੇ ਸਪੀਕਰ ਰਾਹੀਂ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਅਤੇ ਮਾਨਯੋਗ ਸੁਪਰੀਮ ਕੋਰਟ ਦੇ ਆਏ ਹੁਕਮਾਂ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ।

ਮੋਦੀ ਕਾਲਜ ਦੇ ਪ੍ਰੋਫੈਸਰ ਪੂਨਮ ਸ਼ਰਮਾ ਦੀ ਅਗਵਾਈ ਵਿੱਚ ਐਨ.ਸੀ.ਸੀ. ਦੇ ਕੈਡਿਟਾਂ ਨੇ ਟ੍ਰੈਫਿਕ ਪੁਲਿਸ ਦੇ ਸਹਿਯੋਗ ਨਾਲ ਪੁਰਸ਼ਾਂ ਅਤੇ ਮਹਿਲਾਵਾਂ ਨੂੰ ਨਕਾਬ ਪਹਿਨ ਕੇ ਵਹੀਕਲ ਨਾ ਚਲਾਉਣ ਬਾਰੇ ਜਾਗਰੂਕ ਕੀਤਾ ਅਤੇ ਆਈ.ਐਸ.ਆਈ. ਮਾਰਕੇ ਦਾ ਹੈਲਮਟ ਹੀ ਪਹਿਨਣ ਬਾਰੇ ਕਿਹਾ। ਇਸ ਮੌਕੇ ਇੰਸਪੈਕਟਰ ਕਰਨੈਲ ਸਿੰਘ ਨੇ ਆਮ ਪਬਲਿਕ ਨੂੰ ਹੈਲਮਟ ਅਤੇ ਹੋਰ ਪ੍ਰੋਡਕਟਾਂ ਦੀ ਖਰੀਦ ਸਮੇਂ ਹੋਲਮਾਰਕ ਚੈਕ ਕਰਨ ਸਬੰਧੀ ਅਤੇ ਵਹੀਕਲਾਂ 'ਤੇ ਸਵਾਰੀਆਂ ਬੈਠਣ ਦੀ ਲਿਮਟ ਸਬੰਧੀ ਸਮਝਾਇਆ। ਇਸ ਮੌਕੇ ਏ.ਐਸ.ਆਈ.ਕ੍ਰਿਸ਼ਨ ਕੁਮਾਰ, ਹੌਲਦਾਰ ਪ੍ਰੇਮ ਸਿੰਘ,ਧਰਮਪਾਲ, ਦਰਸ਼ਨ ਸਿੰਘ ਤੋਂ ਇਲਾਵਾ ਹੋਰ ਸਟਾਫ਼ ਨੇ ਵੀ ਸ਼ਹਿਰ ਪਟਿਆਲਾ ਦੇ ਵੱਖ-ਵੱਖ ਚੌਂਕਾਂ ਵਿੱਚ ਵਹੀਕਲ ਚਾਲਕਾਂ ਨੂੰ ਰੋਕ ਕੇ ਇਸ ਸਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿੰਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇੰਸਪੈਕਟਰ ਕਰਨੈਲ ਸਿੰਘ ਨੇ ਦੱਸਿਆ ਕਿ ਸ਼ਹਿਰ ਵਿੱਚ ਕਿਸੇ ਵੀ ਪ੍ਰਕਾਰ ਦੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ, ਇਸ ਸ਼ਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿੰਮ ਦੇ ਆਖਰੀ ਦਿਨ ਲਾਹੌਰੀ ਗੇਟ, ਨਾਮ ਦਾਨ ਖਾਨ ਰੋਡ, ਕਿਲਾ ਚੌਕ, ਅਦਾਲਤ ਬਜ਼ਾਰ, ਅਨਾਰਦਾਨਾ ਚੌਕ, ਏ.ਸੀ.ਮਾਰਕਿਟ, ਚਾਂਦਨੀ ਚੌਂਕ, ਲੋਅਰ ਮਾਲ ਰੋਡ, ਫੁਹਾਰਾ ਚੌਕ, ਤ੍ਰਿਪੜੀ ਬਜ਼ਾਰ ਅਤੇ ਗੁਰਬਖਸ਼ ਕਲੋਨੀ ਵਿੱਚ ਵੀ ਸਪੀਕਰ ਰਾਹੀਂ ਦੁਕਾਨਦਾਰਾਂ ਅਤੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਗਿਆ।



ਪਟਿਆਲਾ : ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਅਧਿਕਾਰੀ।

ਪੰਜਾਬੀ ਟ੍ਰਿਬਿਊਨ, ਬੁੱਧਵਾਰ, 15 ਫਰਵਰੀ 2017

# ਪਟਿਆਲਾ ਦੇ ਮੁੱਖ ਚੌਕਾਂ ਤੇ ਬਾਜ਼ਾਰਾਂ ਵਿੱਚ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦਾ ਪਾਠ ਪੜ੍ਹਾਇਆ

**ਸਰਬਜੀਤ ਭੰਗੂ**
**ਪਟਿਆਲਾ, 14 ਫਰਵਰੀ**

ਐਸ.ਪੀ (ਟ੍ਰੈਫ਼ਿਕ ) ਬਲਰਾਜ ਸਿੰਘ ਤੇ ਟ੍ਰੈਫ਼ਿਕ ਪੁਲੀਸ ਪਟਿਆਲਾ ਦੇ ਇੰਚਾਰਜ ਕਰਨੈਲ ਸਿੰਘ ਇੰਸਪੈਕਟਰ ਦੀ ਅਗਵਾਈ ਹੇਠ ਸਪੈਸ਼ਲ ਟ੍ਰੈਫ਼ਿਕ ਜਾਗਰੂਕਤਾ ਮੁਹਿੰਮ ਦੇ ਆਖ਼ਰੀ ਦਿਨ ਅੱਜ ਸ਼ਹਿਰ ਦੇ ਵੱਖ ਵੱਖ ਚੌਕਾਂ ਵਿੱਚ ਪੁਲੀਸ ਮੁਲਾਜ਼ਮਾਂ ਨੇ ਸਪੀਕਰ ਰਾਂਹੀ ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ। ਇਸ ਦੌਰਾਨ ਮੋਦੀ ਕਾਲਜ ਦੇ ਪ੍ਰੋਫ਼ੈਸਰ ਪੂਨਮ ਸ਼ਰਮਾ ਦੀ ਅਗਵਾਈ ਹੇਠ ਕਾਲਜ ਦੇ ਐਨ.ਸੀ.ਸੀ. ਕੈਡਿਟਾਂ ਨੇ ਟ੍ਰੈਫ਼ਿਕ ਪੁਲੀਸ ਦੇ ਸਹਿਯੋਗ ਨਾਲ ਪੁਰਸ਼ਾਂ ਅਤੇ ਮਹਿਲਾਵਾਂ ਨੂੰ ਨਕਾਬ ਪਹਿਨ ਕੇ ਵਾਹਨ ਨਾ ਚਲਾਉਣ ਲਈ ਪ੍ਰੇਰਿਆ ਅਤੇ ਹੈਲਮੇਟ ਪਹਿਨਣ 'ਤੇ ਜ਼ੋਰ ਦਿੱਤਾ।



ਪਟਿਆਲਾ ਦੇ ਲੀਲ੍ਹਾ ਭਵਨ ਚੌਕ ਵਿੱਚ ਵਾਹਨ ਚਾਲਕਾਂ ਨੂੰ ਟ੍ਰੈਫ਼ਿਕ ਨਿਯਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਪੁਲੀਸ ਅਧਿਕਾਰੀ।

ਇਸੇ ਤਰ੍ਹਾਂ ਲਾਹੌਰੀ ਗੇਟ, ਨਾਮ ਦਾਨ ਖ਼ਾਨ ਰੋਡ, ਕਿਲ੍ਹਾ ਚੌਕ, ਅਦਾਲਤ ਬਾਜ਼ਾਰ, ਅਨਾਰਦਾਣਾ ਚੌਕ, ਏ.ਸੀ. ਮਾਰਕੀਟ, ਚਾਂਦਨੀ ਚੌਕ, ਲੋਅਰ ਮਾਲ ਰੋਡ, ਫੁਹਾਰਾ ਚੌਕ, ਤ੍ਰਿਪੜੀ ਬਜ਼ਾਰ ਤੇ ਗੁਰਬਖ਼ਸ਼ ਕਲੋਨੀ ਵਿੱਚ, ਮੁਲਾਜ਼ਮਾਂ ਨੇ ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਤੋਂ ਬਾਹਰ ਸਾਮਾਨ ਨਾ ਰੱਖਣ ਸਮੇਤ ਬਾਜ਼ਾਰਾਂ ਵਿੱਚ ਵਿਚਰ ਰਹੇ ਲੋਕਾਂ ਨੂੰ ਬਾਜ਼ਾਰਾਂ ਵਿੱਚ ਲੱਗਦੇ ਜਾਮ ਘਟਾਉਣ ਲਈ ਆਪਣੇ ਵਾਹਨਾਂ ਨੂੰ ਨਿਰਧਾਰਿਤ ਥਾਵਾਂ 'ਤੇ ਹੀ ਖੜ੍ਹਾਉਣ ਲਈ ਆਖਿਆ। ਇਸ ਕੜੀ ਵਜੋਂ ਇੱਥੇ ਲੀਲ੍ਹਾ ਭਵਨ ਚੌਕ ਵਿੱਚ ਕਰਵਾਏ ਸਮਾਗਮ ਦੌਰਾਨ ਜ਼ਿਲ੍ਹਾ ਟ੍ਰੈਫ਼ਿਕ ਇੰਚਾਰਜ ਕਰਨੈਲ ਸਿੰਘ ਨੇ ਚੌਕ ਦੇ ਇੱਕ ਪਾਸੇ ਖੜ੍ਹ ਕੇ ਸਪੀਕਰ ਰਾਹੀਂ ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਤੋਂ ਜਾਣੂ ਕਰਵਾਇਆ। ਸੜਕ ਹਾਦਸਿਆਂ ਦੌਰਾਨ ਅਜਾਈਂ ਜਾਂਦੀਆਂ ਮਨੁੱਖੀ ਜਿੰਦਾਂ ਦੇ ਹਵਾਲੇ ਨਾਲ ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਆ। ਉਨ੍ਹਾਂ ਨੇ ਚਾਰ ਪਹੀਆ ਵਾਹਨ ਚਲਾਉਦੇਂ ਸਮੇਂ ਸੀਟ ਬੈਲਟ ਦੀ ਵਰਤੋਂ ਕਰਨ, ਕਾਲੀ ਫਿਲਮ ਜਾਂ ਪਰਦਿਆਂ ਦੀ ਵਰਤੋਂ ਨਾ ਕਰਨ ਤੇ ਵਾਹਨ ਚਲਾਉਂਦੇ ਸਮੇਂ ਮੋਬਾਈਲ ਫੋਨ ਨਾ ਵਰਤਣ ਦੀ ਸਲਾਹ ਦਿੱਤੀ। ਆਟੋ ਚਾਲਕਾਂ ਨੂੰ ਵਾਹਨਾਂ ਦੇ ਦਸਤਾਵੇਜ਼ ਮੁਕੰਮਲ ਰੱਖਣ ਸਮੇਤ ਟ੍ਰੈਫ਼ਿਕ ਨਿਯਮਾਂ ਦੀ ਸਾਵਧਾਨੀ ਨਾਲ ਪਾਲਣਾ ਕਰਨ ਲਈ ਆਖਿਆ ਗਿਆ। ਦੋ ਪਹੀਆ ਵਾਹਨਾਂ ਵਾਲਿਆਂ ਨੂੰ ਹੈਲਮੇਟ ਪਾਉਣ ਤੇ ਤੀਜੀ ਸਵਾਰੀ ਤੋਂ ਗੁਰੇਜ਼ ਕਰਨ ਲਈ ਕਿਹਾ।

ਇੰਸਪੈਕਟਰ ਕਰਨੈਲ ਸਿੰਘ ਨੇ ਕਿਹਾ ਕਿ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਵੀ ਟ੍ਰੈਫ਼ਿਕ ਜਾਮ ਨੂੰ ਦੂਰ ਕਰਨ ਲਈ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਵਾਹਨ ਪਾਰਕਿੰਗ ਵਿੱਚ ਲਗਾਉਣ 'ਤੇ ਜ਼ੋਰ ਦਿੱਤਾ।

ਟ੍ਰੈਫ਼ਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਸਟੇਟ ਐਵਾਰਡੀ ਏ.ਐਸ.ਆਈ. ਗੁਰਜਾਪ ਸਿੰਘ ਤੇ ਹੌਲਦਾਰ ਅਮਰਜੀਤ ਸਿੰਘ ਨੇ ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਬਾਰੇ ਦੱਸਿਆ। ਏਐਸਆਈ ਕ੍ਰਿਸ਼ਨ ਕੁਮਾਰ, ਹੌਲਦਾਰ ਪ੍ਰੇਮ ਸਿੰਘ, ਧਰਮਪਾਲ ਤੇ ਦਰਸ਼ਨ ਸਿੰਘ ਨੇ ਸ਼ਹਿਰ ਦੇ ਵੱਖ-ਵੱਖ ਚੌਕਾਂ ਵਿੱਚ ਵਾਹਨ ਚਾਲਕਾਂ ਨੂੰ ਰੋਕ ਕੇ ਸਪੈਸ਼ਲ ਟ੍ਰੈਫ਼ਿਕ ਜਾਗਰੂਕਤਾ ਮੁਹਿੰਮ ਬਾਰੇ ਜਾਣਕਾਰੀ ਦਿੱਤੀ।

ਪੰਜਾਬੀ ਜਾਗਰਣ




## ਲੋਕਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਕੀਤਾ ਜਾਗਰੂਕ

**ਪੱਤਰ ਪ੍ਰੇਰਕ, ਪਟਿਆਲਾ** : ਇੰਚਾਰਜ ਟ੍ਰੈਫਿਕ ਪੁਲਸ ਜ਼ਿਲ੍ਹਾ ਪਟਿਆਲਾ ਦੇ ਇੰਸਪੈਕਟਰ ਕਰਨੈਲ ਸਿੰਘ ਦੀ ਨਿਗਰਾਨੀ ਹੇਠ ਸ਼ਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿਮ ਦੇ ਆਖਰੀ ਦਿਨ ਲੀਲਾ ਭਵਨ ਚੌਕ ਵਿਖੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ਼ ਸਟੇਟ ਅਵਾਰਡੀ ਏਐਸਆਈ.ਗੁਰਜਾਪ ਸਿੰਘ ਅਤੇ ਹੋਲਦਾਰ ਅਮਰਜੀਤ ਸਿੰਘ ਨੇ ਸਪੀਕਰ ਰਾਹੀਂ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਅਤੇ ਮਾਨਯੋਗ ਸੁਪਰੀਮ ਕੋਰਟ ਦੇ ਆਏ ਹੁਕਮਾਂ ਬਾਰੇ ਵੀ ਵਿਸਥਾਰ ਪੂਰਵਕ ਦੱਸਿਆ। ਮੋਦੀ ਕਾਲਜ ਦੇ ਪ੍ਰੋਫੈਸਰ ਪੂਨਮ ਸ਼ਰਮਾ ਦੀ ਅਗਵਾਈ ਵਿਚ ਐਨਸੀਸੀ ਦੇ ਕੈਡਿਟਾਂ ਨੇ ਟ੍ਰੈਫਿਕ ਪੁਲਸ ਦੇ ਸਹਿਯੋਗ ਨਾਲ ਪੁਰਸ਼ਾਂ ਅਤੇ ਮਹਿਲਾਵਾਂ ਨੂੰ ਨਕਾਬ ਪੋਸ਼ ਪਹਿਨ ਕੇ ਵਹੀਕਲ ਨਾ ਚਲਾਉਣ ਬਾਰੇ ਜਾਗਰੂਕ ਕੀਤਾ ਅਤੇ ਆਈਐਸਆਈ ਮਾਰਕੇ ਦਾ ਹੈਲਮਟ ਹੀ ਪਹਿਨਣ ਬਾਰੇ ਕਿਹਾ। ਇਸ ਸਮੇਂ ਏਐਸਆਈ ਕ੍ਰਿਸ਼ਨ ਕੁਮਾਰ, ਹੋਲਦਾਰ ਪ੍ਰੇਮ ਸਿੰਘ,ਧਰਮਪਾਲ, ਦਰਸ਼ਨ ਸਿੰਘ ਤੋਂ ਇਲਾਵਾ ਹੋਰ ਸਟਾਫ਼ ਨੇ ਵੀ ਸ਼ਹਿਰ ਪਟਿਆਲਾ ਦੇ ਵੱਖ-ਵੱਖ ਚੌਂਕਾਂ ਵਿਚ ਵਹੀਕਲ ਚਾਲਕਾਂ ਨੂੰ ਰੋਕ ਕੇ ਇਸ ਸ਼ਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿੰਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਸ਼ਪੈਸ਼ਲ ਟ੍ਰੈਫਿਕ ਜਾਗਰੂਕਤਾ ਮੁਹਿਮ ਦੇ ਆਖਰੀ ਦਿਨ ਲਾਹੌਰੀ ਗੇਟ, ਨਾਮ ਦਾਨ ਖਾਨ ਰੋਡ, ਕਿਲਾ ਚੌਂਕ, ਅਦਾਲਤ ਬਜ਼ਾਰ, ਅਨਾਰਦਾਨਾ ਚੌਂਕ, ਏਸੀ ਮਾਰਕੀਟ, ਚਾਂਦਨੀ ਚੌਂਕ, ਲੋਅਰ ਮਾਲ ਰੋਡ, ਫੁਹਾਰਾ ਚੌਂਕ, ਤ੍ਰਿਪੜੀ ਬਜ਼ਾਰ ਅਤੇ ਗੁਰਬਖਸ਼ ਕਲੋਨੀ ਵਿਚ ਵੀ ਸਪੀਕਰ ਰਾਹੀਂ ਵੀ ਦੁਕਾਨਦਾਰਾਂ ਅਤੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਗਿਆ।

पटियाला, 15 फरवरी 2017 दैनिक जागरण

# अब महिलाओं के भी कटेंगे चालान

## ट्रैफिक पुलिस महिलाओं के लिए भी हुई सख्त, बाइक पर दो सवारी पर दोनों के लिए हेलमेट अनिवार्य

**जागरण संवाददाता, पटियाला** : ट्रैफिक पुलिस अब वाहन चलाने वाली महिलाओं पर भी सख्ती करने जा रही है। 16 फरवरी से हेलमेट नहीं पहनकर वाहन चलाने सहित वाहन चलाते हुए मोबाइल फोन का इस्तेमाल करने या नियमों की अनदेखी करने वाली महिलाओं के साथ ट्रैफिक पुलिस सख्ती बरतेगी। इसी के साथ दोपहिया वाहनों पर डबल सवारी के लिए भी हेलमेट पहनना आवश्यक होगा। अगर वाहन चालक उक्त नियमों का पालन नहीं करेंगे तो ट्रैफिक पुलिस 16 फरवरी से चालान काटना शुरू कर देगी। इसको लेकर जिला ट्रैफिक पुलिस पिछले सप्ताह से शहर के वाहन चालक महिलाओं को न केवल जागरूक कर रही है, बल्कि उनको चेतावनी भी दे रही है कि 15 फरवरी के बाद अगर वे बगैर हेलमेट पहने वाहन चलाएंगी तो उनके भी चालान कटेंगे।

जिला ट्रैफिक पुलिस के इंचार्ज इंस्पेक्टर करनैल सिंह ने बताया कि हालांकि महिलाओं के लिए भी कानून एक बराबर है, लेकिन पिछले लंबे समय से महिलाओं की मजबूरी समझते हुए उन पर कम सख्ती की जा रही थी। डायरेक्टर जनरल ऑफ पुलिस (डीजीपी) के दिशा-निर्देश पर एक बार फिर से ट्रैफिक पुलिस सख्ती करने जा रही है। इसके तहत महिलाओं को भी हेलमेट बगैर वाहन नहीं चलाने दिया जाएगा। इसके अलावा उनके साथ वाहन पर बैठकर जाने वाली महिलाओं को भी हेलमेट पहनना जरूरी होगा। उन्होंने बताया कि पुरुषों के साथ उनके वाहन पर बैठकर जाने वाली महिला या पुरुषों के लिए भी हेलमेट पहनना अनिवार्य किया जा रहा है। जो लोग उक्त नियम का पालन नहीं करेंगे, उनके साथ पुलिस सख्ती से पेश आएगी।





पटियाला के लीला भवन चौक पर यातायात नियमों के बारे में बताती महिला पुलिस कर्मी। (दाएं) आइएसआइ मार्का हेलमेट दिखाती महिला पुलिस मुलाजिम • जागरण

### मुनादी भी करवा रही ट्रैफिक पुलिस

ट्रैफिक नियमों को लेकर शुरू होने जा रही सख्ती से पहले ट्रैफिक पुलिस शहर में कुछ दिनों से मुनादी भी करवा रही है। मुनादी में ट्रैफिक नियमों का पालन, दोपहिया वाहन पर तीन सवारी नहीं चलने, वाहन के कागजात व डीएल साथ लेकर चलने, आइएसआइ मार्का हेलमेट पहनने, ट्रैफिक लाइट व बगैर हेलमेट पर चालान करने आदि की हिदायत दी जा रही है।

### आइएसआइ मार्का हेलमेट ही मान्य

इंस्पेक्टर करनैल सिंह ने बताया कि पिछले कुछ दिनों से शहर में लोगों को जागरूक करने के लिए चल रहे अभियान के तहत सभी को कहा जा रहा है कि वे आइएसआइ मार्का हेलमेट ही पहनें, ताकि उनकी जान को खतरा न रहे। लीला भवन पर मंगलवार को ट्रैफिक पुलिस के साथ एनसीसी के विद्यार्थियों ने आने जाने वाले वाहन चालकों को बताया कि वे हेलमेट पहनकर ही वाहन चलाएं। उनके पास आइएसआइ मार्का हेलमेट होना चाहिए। अगर वे कोई और हेलमेट पहनकर वाहन चलाएंगे तो भी उनका चालान काटा जाएगा।



लीला भवन चौक पर यातायात नियमों के बारे में बताते ट्रैफिक इंचार्ज करनैल सिंह • जागरण

**दैनिक भास्कर**

# पुलिस, कैडेट्स ने पब्लिक को किया जागरूक

## मोदी कॉलेज के स्टूडेंट्स ने प्रो. पूनम शर्मा की अगुवाई में रोड पर आने जाने वालों को ट्रैफिक नियम बताए



पब्लिक को जागरूक करती जिला ट्रैफिक पुलिस और मोदी कॉलेज के एनसीसी केडेट्स।

**पटियाला |** जिला ट्रैफिक पुलिस इंचार्ज करनैल सिंह की अध्यक्षता में ट्रैफिक एजुकेशन सेल के एएसआई गुरजाप सिंह और हवलदार अमरजीत सिंह ने स्पीकर से स्थानीय लीला भवन चौक पर पब्लिक को ट्रैफिक नियमों के प्रति जागरूक किया। मोदी कॉलेज के प्रो. पूनम शर्मा के नेतृत्व में एनसीसी केडेट्स ने जागरूकता रैली में हिस्सा लिया।

केडेट्स ने लड़कियों को मुंह ढकने से परहेज करने की अपील की और अन्य ट्रैफिक नियमों का पालन करने को कहा। ट्रैफिक पुलिस ने लाहौरी गेट, नामदार खान रोड, किला चौक, अदालत बाजार, अनारदाना चौक, चांदनी चौक, त्रिपड़ी और गुरबख्श कॉलोनी में लोगों को जागरूक किया।

ट्रैफिक इंचार्ज करनैल सिंह ने चेतावनी देते कहा कि दोपहिया या दूसरे बड़े वाहन चलाते समय जरूरी कागजात न रखने के अलावा ट्रैफिक नियमों की अव्हेलना करने पर कानूनी कार्रवाई की जाएगी। जागरूकता मुहिम दौरान एएसआई कृष्ण कुमार, हवलदार प्रेम सिंह, धर्मपाल और दर्शन सिंह और अन्य मौजूद रहे।

# MOTHER LANGUAGE DAY CELEBRATED

**ਪੰਜਾਬੀ ਜਾਗਰਣ**



ਮੋਦੀ ਕਾਲਜ 'ਚ ਪ੍ਰੋਗਰਾਮ ਦੌਰਾਨ ਪੁੱਜੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਡਾ. ਖੁਸ਼ਵਿੰਦਰ ਕੁਮਾਰ ਤੇ ਹੋਰ ਸਟਾਫ।

**ਪੱਤਰ ਪ੍ਰੇਰਕ, ਪਟਿਆਲਾ** : ਅੱਜ ਮੁਲਤਾਨੀ ਮੱਲ ਮੋਦੀ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਮਾਤ-ਭਾਸ਼ਾ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ੇਸ਼ ਭਾਸ਼ਣ ਅਤੇ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਪ੍ਰਮੁੱਖ ਬੁਲਾਰਿਆਂ ਵਜੋਂ ਪੰਜਾਬੀ ਨਾਵਲ ਆਲੋਚਨਾ ਵਿਚ ਪ੍ਰਮੁੱਖ ਸਥਾਨ ਹਾਸਿਲ ਡਾ. ਗੁਰਪਾਲ ਸਿੰਘ ਸੰਧੂ ਅਤੇ ਸ਼੍ਰੋਮਣੀ ਸਾਹਿਤਕਾਰ ਤੇ ਪਰਵਾਸੀ ਪੰਜਾਬੀ ਨਾਵਲਕਾਰ ਦਰਸ਼ਨ ਧੀਰ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵਿਦਿਆਰਥੀਆਂ ਨੂੰ ਮੁਖ਼ਾਤਿਬ ਹੁੰਦਿਆਂ ਡਾ. ਗੁਰਪਾਲ ਸਿੰਘ ਸੰਧੂ ਨੇ ਜੀਵਨ ਵਿਚ ਮਾਤ-ਭਾਸ਼ਾ ਦੀ ਅਹਿਮੀਅਤ ਤੋਂ ਜਾਣੂੰ ਕਰਵਾਇਆ। ਉਨ੍ਹਾਂ ਨੇ ਦਾਰਸ਼ਨਿਕ ਪੱਖਾਂ ਦੇ ਹਵਾਲੇ ਨਾਲ ਕਿਹਾ ਕਿ ਪੰਜਾਬੀ ਬੋਲੀ ਦਾ ਮੁਹਾਵਰਾ ਐਨਾ ਕਾਬਿਲ ਹੈ ਕਿ ਉਹ ਕਿਸੇ ਵੀ ਡੂੰਘੇ ਤੇ ਵੱਡੇ ਦਾਰਸ਼ਨਿਕ ਖ਼ਿਆਲ ਨੂੰ ਸਪੱਸ਼ਟਤਾ ਤਹਿਤ ਬਿਆਨ ਕਰ ਸਕਦਾ ਹੈ। ਪਰਵਾਸੀ ਨਾਵਲਕਾਰ ਦਰਸ਼ਨ ਧੀਰ ਨੇ ਵਿਦੇਸ਼ਾਂ ਵਿਚਲੀ ਨਵੀਂ ਪੀੜ੍ਹੀ ਦੇ ਪੰਜਾਬੀ ਮਾਤ-ਭਾਸ਼ਾ ਪ੍ਰਤੀ ਲਗਾਓ ਅਤੇ ਪੈਦਾ ਹੋ ਰਹੇ ਰੁਝਾਨਾਂ ਸਬੰਧੀ ਮੁੱਲਵਾਨ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਵਿਦਿਆਰਥੀਆਂ ਨਾਲ ਆਪਣੇ ਪਰਵਾਸੀ ਜੀਵਨ-ਅਨੁਭਵਾਂ ਨੂੰ ਵੀ ਸਾਂਝਾ ਕੀਤਾ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਦੱਸਿਆ ਕਿ ਆਮ ਤੌਰ 'ਤੇ ਸਾਡਾ ਇਹ ਬੇਬੁਨਿਆਦ ਤੌਖ਼ਲਾ ਹੈ ਕਿ ਕੋਈ ਵੀ ਇੱਕ ਭਾਸ਼ਾ ਦੂਜੀ ਭਾਸ਼ਾ ਨੂੰ ਖ਼ਤਮ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਤਾਂ ਸਾਡੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਦਾ ਇਕ ਕਾਰਗਰ ਸਾਧਨ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਦੀਪ ਸਿੰਘ ਸੰਧੂ ਨੇ ਸਮਾਰੋਹ ਦਾ ਮੰਚ ਸੰਚਾਲਨ ਕੀਤਾ ਅਤੇ ਦੱਸਿਆ ਕਿ ਸਮੇਂ ਨਾਲ ਬਦਲਦੀਆਂ ਪ੍ਰਸਥਿਤੀਆਂ ਵਿਚ ਸਾਡੀ ਬੋਲੀ ਦੇ ਕੁਝ ਖ਼ੂਬਸੂਰਤ ਸ਼ਬਦ ਅਲੋਪ ਹੋ ਰਹੇ ਹਨ, ਪਰ ਖੁਸ਼ੀ ਦੀ ਗੱਲ ਇਹ ਹੈ ਕਿ ਇਸਦੇ ਨਾਲ ਅਸੀਂ ਕੁਝ ਨਵੇਂ ਸ਼ਬਦ ਹੋਰਨਾਂ ਭਾਸ਼ਾਵਾਂ ਤੋਂ ਗ੍ਰਹਿਣ ਵੀ ਕਰ ਰਹੇ ਹਾਂ। ਡਾ. ਦਵਿੰਦਰ ਸਿੰਘ ਨੇ ਆਏ ਪ੍ਰਮੁੱਖ ਬੁਲਾਰਿਆਂ ਡਾ. ਗੁਰਪਾਲ ਸਿੰਘ ਸੰਧੂ ਤੇ ਦਰਸ਼ਨ ਧੀਰ ਦੇ ਜੀਵਨ ਅਤੇ ਸਾਹਿਤਕ ਯੋਗਦਾਨ ਤੋਂ ਜਾਣੂੰ ਕਰਵਾਇਆ। ਇਸ ਮੌਕੇ ਕਾਲਜ ਵੱਲੋਂ ਆਏ ਪ੍ਰਮੁੱਖ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਡਾ. ਮਨਜੀਤ ਕੌਰ ਨੇ ਧੰਨਵਾਦ ਦੇ ਸ਼ਬਦ ਕਹੇ। ਇਸ ਮੌਕੇ ਪ੍ਰੋ. ਨਿਰਮਲ ਸਿੰਘ, ਪ੍ਰੋ. ਬਲਜਿੰਦਰ ਕੌਰ, ਪ੍ਰੋ. ਵੇਦ ਪ੍ਰਕਾਸ਼ ਸ਼ਰਮਾ, ਡਾ. ਰੁਪਿੰਦਰ ਸ਼ਰਮਾ, ਪੰਜਾਬ[illegible] ਵਿਭਾਗ ਤੋਂ ਰਿਟਾਇਰਡ ਸੀਨੀਅਰ ਅਧਿਆਪ[illegible] ਪ੍ਰੋ. ਬਲਵੀਰ ਸਿੰਘ, ਡਾ. ਹਰਚਰਨ ਸਿੰਘ [illegible] ਇਲਾਵਾ ਸਮੂਹ ਪੰਜਾਬੀ ਵਿਭਾਗ ਦੇ ਅਧਿਆਪ[illegible] ਵੀ ਹਾਜ਼ਰ ਸਨ।

जागरण सिटी
पटियाला

## पंजा … रते हैं दार्शनिक सोच : डॉ. संधू

जेएनएन, पटियाला : मुलतानी मल मोदी कॉलेज के पंजाबी विभाग द्वारा मातृ भाषा दिवस को समर्पित एक विशेष भाषण व रूबरू समारोह का आयोजन किया गया। समारोह में डॉ. गुरपाल सिंह संधू ने शिरकत की। इस मौके पर डॉ. गुरपाल संधू ने जीवन में मातृ भाषा की अहमीयत से अवगत करवाया। उन्होंने दार्शनिक पक्ष के हवाले से कहा कि पंजाबी बोली का मुहावरा इतना काबिल है कि वह किसी भी गहरे व बड़े दार्शनिक ख्याल को स्पष्टता के तहत बयान कर सकता है। प्रिंसिपल डॉ. खुशविंदर कुमार ने आए प्रमुख नेताओं का स्वागत किया।



मोदी कॉलेज में मुख्यातिथि का स्वागत करते प्रिंसिपल डॉ. खुशविंदर कुमार • जागरण

रोपड़-पटियाला, बुधवार 22 फरवरी, 2017
दैनिक भास्कर

## मातृ भाषा दिवस पर कार्यक्रम करवाया



पटियाला| मोदी कॉलेज के पंजाबी विभाग की ओर से मातृ भाषा दिवस को समर्पित विशेष भाषण और रुबरू प्रोग्राम करवाया गया। इस मौके पर डॉ. गुरपाल सिंह संधू और शिरोमणि साहित्यकार दर्शन धीर ने विशेष मेहमान के तौर पर शिरकत की। उन्होंने स्टूडेंट्स को जीवन में मातृ भाषा का महत्व समझाया। इस मौके पर डॉ. मनजीत कौर ने प्रोग्राम में शामिल लोगों का धन्यवाद किया। प्रो. निर्मल सिंह, प्रो. बलजिंदर कौर, प्रो. वेद प्रकाश शर्मा, डॉ. रुपिंदर शर्मा, प्रो. बलवीर सिंह, डॉ. हरचरन सिंह ने विचार रखे। कॉलेज प्रिंसिपल डॉ. खुशविंदर कुमार ने कहा कि अगले समय में भी इस तरह के प्रोग्राम होते रहेंगे। इस मौके पर प्रो. निर्मल सिंह, प्रो. बलजिंदर कौर, प्रो. वेद प्रकाश शर्मा, डॉ. रुपिंदर शर्मा, प्रो. बलवीर सिंह, डॉ. हरचरन सिंह मौजूद थे।

ਸੱਚ ਕਹੂੰ ਸਰਸਾ, ਬੁੱਧਵਾਰ 22 ਫਰਵਰੀ,

# ੇਤੀਬਾੜੀ ਕਾਲਜ ਲੁਧਿਆਣਾ ਨੇ ਜਿੱਤੀ ਮਾਤ ਭਾਸ਼ਾ ਟਰਾਫੀ

ਵਿਦਿਆਰਥੀਆਂ ਦੇ ਅੰਤਰ-ਕਾਲਜ ਸਾਹਿਤਕ ਮੁਕਾਬਲੇ ਕਰਵਾਏ

ਅ ਗੋਪਾਲ ਰਾਏਕੋਟੀ

ਧਿਆਣਾ, 21 ਫਰਵਰੀ। ਜਾਬੀ ਸਾਹਿਤ ਅਕਾਦਮੀ ਧਿਆਣਾ ਵੱਲੋਂ ਕੋਮਾਂਤਰੀ ਮਾਤ ਸ਼ਾ ਦਿਵਸ ਨੂੰ ਸਮਰਪਿਤ ਪੰਜਾਬੀ ਤ ਭਾਸ਼ਾ ਮੇਲਾ 21 ਫਰਵਰੀ 017 ਨੂੰ ਪੰਜਾਬੀ ਭਵਨ ਧਿਆਣਾ ਵਿਖੇ ਮਨਾਇਆ ਆ। ਇਸ ਮੌਕੇ ਵਿਦਿਆਰਥੀਆਂ ਅੰਤਰ-ਕਾਲਜ ਸਾਹਿਤਕ ਾਬਲੇ ਕਰਵਾਏ ਗਏ। ਪੰਜਾਬ ਭਰ 29 ਕਾਲਜਾਂ ਦੇ 171 ਦਿਆਰਥੀਆਂ ਨੇ ਸਾਹਿਤਕ ਾਬਲਿਆਂ 'ਚ ਹਿੱਸਾ ਲਿਆ, ਨ੍ਹਾਂ 'ਚ ਪੰਜਾਬੀ ਕਹਾਣੀ ਸਿਰਜਨ ਾਬਲੇ 'ਚ ਪਹਿਲਾ ਸਥਾਨ ਨੈਣਾ ਮਾ, ਮਾਲਵਾ ਸੈਂਟਰਲ ਕਾਲਜ ਫ ਐਜੂਕੇਸ਼ਨ, ਦੂਸਰਾ ਸਥਾਨ ਵਿੰਦਰ ਸਿੰਘ, ਮੁਲਤਾਨੀ ਮੱਲ ੀ ਕਾਲਜ ਪਟਿਆਲਾ ਤੇ ਤੀਸਰਾ ਾਨ ਸਿਮਰਨਜੀਤ ਕੌਰ ਸਰਕਾਰੀ ਲਜ ਲੜਕੀਆਂ, ਕਾਵਿ ਸਿਰਜਣ ਮੁਕਾਬਲੇ 'ਚ ਪਹਿਲਾ ਸਥਾਨ ਹਰਪ੍ਰੀਤ ਸਿੰਘ ਮਾਲਵਾ ਕਾਲਜ ਬੌਂਦਲੀ ਸਮਰਾਲਾ, ਦੂਸਰਾ ਸਥਾਨ ਨਵਦੀਪ ਸਿੰਘ ਗੁਰੂ ਨਾਨਕ ਸਰਕਾਰੀ ਕਾਲਜ ਮੋਗਾ ਤੇ ਤੀਸਰਾ ਸਥਾਨ ਨਵਦੀਪ ਕੌਰ ਗੁਰੂ ਨਾਨਕ ਗਰਲਜ਼ ਕਾਲਜ ਲੁਧਿਆਣਾ ਅਤੇ ਪਲਵਿੰਦਰ ਬਾਸੀ ਪੀਏਯੂ ਲੁਧਿਆਣਾ. ਲੋਕ ਗੀਤ ਮੁਕਾਬਲੇ 'ਚ ਪਹਿਲਾ ਸਥਾਨ ਮਹਿਕ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ, ਦੂਸਰਾ ਸਥਾਨ ਮਨਪ੍ਰੀਤ ਸਿੰਘ ਏ. ਐੱਸ. ਕਾਲਜ ਖੰਨਾ ਤੇ ਤੀਸਰਾ ਸਥਾਨ ਅਨੁਰਾਧਾ ਭਗਤ ਹੰਸ ਰਾਜ ਮਹਿਲਾ ਵਿਦਿਆਲਾ ਜਲੰਧਰ ਤੇ ਹੌਸਲਾ ਵਧਾਊ ਜਸਵਿੰਦਰ ਸਿੰਘ ਜੀਐੱਚਜੀ ਕਾਲਜ ਗੁਰੂਸਰ ਸੁਧਾਰ. ਸੱਭਿਆਚਾਰਕ ਪ੍ਰਸ਼ਨੋਤਰੀ (ਕੁਇਜ਼) 'ਚ ਪਹਿਲਾ ਸਥਾਨ ਏ. ਐੱਸ. ਕਾਲਜ, ਖੰਨਾ ਤੋਂ ਸ਼ਹਿਜੀਤ ਸਿੰਘ, ਜਸਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਦੂਸਰਾ ਸਥਾਨ ਡੀ. ਐੱਮ. ਕਾਲਜ ਮੋਗਾ ਤੋਂ ਲਵਪ੍ਰੀਤ ਸਿੰਘ, ਗੌਰਵ ਸ਼ਰਮਾ, ਪਰਮਿੰਦਰ ਸਿੰਘ ਅਤੇ ਤੀਸਰਾ ਸਥਾਨ ਕਮਲਾ ਨਹਿਰੂ ਕਾਲਜ ਫਾਰ ਵਿਮਨ ਫਗਵਾੜਾ ਤੋਂ ਸੁਨੀਤਾ, ਰਮਨਦੀਪ ਕੌਰ, ਸਖਦੀਪ ਕੌਰ, ਪੰਜਾਬੀ ਕਾਵਿ ਪੋਸਟਰ ਮੁਕਾਬਲੇ 'ਚ ਪਹਿਲਾ ਸਥਾਨ ਪੂਨਮਦੀਪ ਕੌਰ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਲੁਧਿਆਣਾ, ਦੂਸਰਾ ਸਥਾਨ ਮਨਪ੍ਰੀਤ ਕੌਰ ਗੁਰੂ ਨਾਨਕ ਗਰਲਜ਼ ਕਾਲਜ ਮਾਡਲ ਟਾਊਨ ਲੁਧਿਆਣਾ ਤੇ ਤੀਸਰਾ ਸਥਾਨ ਮਨਰੀਤ ਕੌਰ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ, ਹੌਸਲਾ ਵਧਾਊ ਪੁਰਸਕਾਰ ਅੰਮ੍ਰਿਤਪਾਲ ਕੌਰ ਮਾਈ ਭਾਗੋ ਕਾਲਜ ਲੁਧਿਆਣਾ ਪੰਜਾਬੀ ਕਾਵਿ ਉਚਾਰਨ ਮੁਕਾਬਲੇ ਵਿਚ ਪਹਿਲਾ ਸਥਾਨ ਜਸਵੀਰ ਖਾਨ ਸੁਆਮੀ ਗੰਗਾ ਗਿਰੀ ਗਰਲਜ਼ ਕਾਲਜ ਰਾਏਕੋਟ, ਦੂਸਰਾ ਸਥਾਨ ਖੁਸ਼ਕੰਵਲ ਕੌਰ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਤੇ ਤੀਸਰਾ ਸਥਾਨ ਹਰਸਿਮਰਨ ਪੀਏਯੂ ਲੁਧਿਆਣਾ ਅਤੇ ਕਿਰਤ ਸਿਮਰਨ ਸਿੰਘ ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ ਤੇ ਉਤਸ਼ਾਹ ਵਧਾਊ ਬਿਪਨਦੀਪ ਕੌਰ ਗੁਰੂ ਨਾਨਕ ਖਾਲਸਾ ਕਾਲਜ ਫਾਰ ਵੂਮੈਨ ਲੁਧਿਆਣਾ, ਅਖਾਣ ਤੇ ਮੁਹਾਵਰੇ ਭਰਪੂਰ ਵਾਰਤਾਲਾਪ ਮੁਕਾਬਲੇ 'ਚ ਪਹਿਲਾ ਸਥਾਨ ਖਾਲਸਾ ਕਾਲਜ ਫਾਰ ਵਿਮਨ, ਦੂਸਰਾ ਸਥਾਨ ਡੀਐੱਮ ਕਾਲਜ ਮੋਗਾ ਤੇ ਤੀਸਰਾ ਸਥਾਨ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਨੇ ਹਾਸਲ ਕੀਤਾ। ਮਾਤ ਭਾਸ਼ਾ ਟਰਾਫ਼ੀ ਖੇਤੀਬਾੜੀ ਕਾਲਜ ਲੁਧਿਆਣਾ ਨੇ ਜਿੱਤੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਸੁਰਜੀਤ ਪਾਤਰ ਤੇ ਪ੍ਰੋ. ਗੁਰਭਜਨ ਸਿੰਘ ਗਿੱਲ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ, ਡਾ. ਗੁਰਚਰਨ ਕੌਰ ਕੋਚਰ, ਡਾ. ਦਵਿੰਦਰ ਦਿਲਰੂਪ, ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ ਨੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਇਨਾਮ ਵੰਡੇ।

ਪੰਜਾਬੀ ਮਾਤ-ਭਾਸ਼ਾ ਮੇਲੇ ਦੇ ਸੰਯੋਜਕ ਡਾ. ਗੁਰਚਰਨ ਕੌਰ ਕੋਚਰ ਤੇ ਸਹਿ ਸੰਯੋਜਕ ਡਾ. ਦਵਿੰਦਰ ਕੌਰ ਦਿਲਰੂਪ ਸਨ। ਸਾਹਿਤਕ ਮੁਕਾਬਲਿਆਂ ਦੇ ਫੈਸਲਿਆਂ ਦੀ ਜ਼ਿੰਮੇਵਾਰੀ ਤ੍ਰਿਲੋਚਨ ਲੋਚੀ, ਸੁਰਿੰਦਰ ਕੈਲੇ, ਮਨਜਿੰਦਰ ਸਿੰਘ ਧਨੋਆ, ਰਜਿੰਦਰ ਮਲਹਾਰ, ਜਸਵਿੰਦਰ ਧਨਾਨਸੂ, ਇੰਦਰਜੀਤਪਾਲ ਕੌਰ, ਸਵਰਨਜੀਤ ਸਵੀ, ਇੰਜ. ਜਸਵੰਤ ਸਿੰਘ ਜ਼ਫ਼ਰ, ਸੁਰਿੰਦਰ ਰਾਮਪੁਰੀ, ਜਸਮੀਤ ਕੌਰ, ਤਰਸੇਮ ਨੂਰ, ਰਵਿੰਦਰ ਰਵੀ, ਪਰਮਜੀਤ ਮਹਿਕ, ਦਲਵੀਰ ਲੁਧਿਆਣਵੀ, ਕੁਲਵਿੰਦਰ ਕੌਰ ਕਿਰਨ, ਡਾ. ਪ੍ਰਿਤਪਾਲ ਕੌਰ ਚਾਹਲ, ਮਲਕੀਅਤ ਸਿੰਘ ਔਲਖ, ਸੁਖਚਰਨਜੀਤ ਕੌਰ ਗਿੱਲ, ਕਰਿਸ਼ ਭਾਨ ਨੇ ਨਿਭਾਈ। ਪ੍ਰੋ. ਇੰਦਰਪਾਲ ਸਿੰਘ ਰਾਜਾ ਸਾਹਿਬ ਕਾਲਜ ਤੇ ਪ੍ਰੋ. ਇੰਦਰਜੀਤ ਕੌਰ ਨੇ ਸਮਾਗਮ ਦੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ। ਇਸ ਮੌਕੇ ਕਾਲਜਾਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਭਰਵੀਂ ਸ਼ਮੂਲੀਅਤ ਤੋਂ ਇਲਾਵਾ ਪ੍ਰਿ. ਪ੍ਰੇਮ ਸਿੰਘ ਬਜਾਜ, ਰਜਿੰਦਰ ਸਿੰਘ, ਸੁਰਿੰਦਰ ਦੀਪ, ਸੁਰਿੰਦਰ ਕੌਰ ਸੰਧੂ, ਅਜਮੇਰ ਸਿੰਘ, ਬਲਵੀਰ ਸਾਹਨੇਵਾਲ, ਜੋਗਿੰਦਰ ਸਿੰਘ ਕੰਗ, ਸੁਰਜਨ ਸਿੰਘ ਇੰਜ., ਭੁਪਿੰਦਰ ਸਿੰਘ ਧਾਲੀਵਾਲ, ਸੰਤੋਖ ਸਿੰਘ ਔਜਲਾ, ਪਰਮਿੰਦਰ ਕੁਮਾਰ, ਰਾਕੇਸ਼ ਕੁਮਾਰ, ਸੁਖਪਾਲ ਸਿੰਘ ਸਮੇਤ ਕਾਫ਼ੀ ਗਿਣਤੀ [illegible]



ਲੁਧਿਆਣਾ : ਵੱਖ-ਵੱਖ ਸਾਹਿਤਕ ਮੁਕਾਬਲਿਆਂ ਦੇ ਜੇਤੂ ਵਿਦਿਆਰਥੀ ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਸੁਰਜੀਤ ਪਾਤਰ, ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਹੋਰ ਸਾਹਿਤਕਾਰਾਂ ਨਾਲ। **ਤਸਵੀਰ: ਰਾਏਕੋਟੀ**